ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 2623207, 2620106
**ਫੈਕਸ:0172-2624687, ਈ-ਮੇਲ: ssa.punjab@yahoo.com**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਪੰਜਾਬ।

ਸਮੂਹ ਜ਼ਿਲ੍ਹਾ ਟੈਕਸਟ ਬੁਕਸ ਕੋਆਰਡੀਨੇਟਰਜ਼, ਪੰਜਾਬ।

ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/ 76883-85

ਮਿਤੀ: ਚੰਡੀਗੜ੍ਹ 28-03-2012

ਵਿਸ਼ਾ:- **ਮੁਲਾਂਕਣ ਰਜਿਸਟਰਾਂ ਦੀ ਯੋਗ ਵੰਡ ਬਾਰੇ।**

1.0 ਉਪਰੋਕਤ ਵਿਸ਼ਾ ਉਚੇਚੇ ਧਿਆਨ ਦੀ ਮੰਗ ਕਰਦਾ ਹੈ ਜੀ।

2.0 ਅਕਾਦਮਿਕ ਸਾਲ 2012-13 ਲਈ ਵਿਸ਼ਾ ਅਧੀਨ ਰਜਿਸਟਰ ਜ਼ਿਲ੍ਹਿਆਂ ਵਿੱਚ ਭੇਜੇ ਜਾ ਰਹੇ ਹਨ। ਇਹਨਾਂ ਰਜਿਸਟਰਾਂ ਦੀ ਸੁਯੋਗ ਵਰਤੋਂ ਕਰਨ ਹਿਤ ਕੁੱਝ ਨੁਕਤੇ ਧਿਆਨ ਵਿੱਚ ਰੱਖਣੇ ਯਕੀਨੀ ਬਣਾਏ ਜਾਣ ਜੀ ਜਿਵੇਂ:

2.1 ਅਧਿਆਪਕਾਂ ਨੂੰ ਜਿਹੜੇ ਰਜਿਸਟਰ ਪਿਛਲੇ ਸਾਲ ਦਿੱਤੇ ਗਏ ਹਨ, ਉਹਨਾਂ ਦੀ ਉਚਿਤ ਵਰਤੋਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਵਲੋਂ ਯਕੀਨੀ ਬਣਾਈ ਜਾਵੇ। ਕੋਈ ਵੀ ਪੰਨਾ ਅਣਵਰਤਿਆਂ ਨਾ ਛੱਡਿਆ ਜਾਵੇ।

2.2 ਪਹਿਲਾ ਰਜਿਸਟਰ ਖਤਮ ਹੋਣ ਤੇ ਹੀ ਨਵਾਂ ਰਜਿਸਟਰ ਮੁਹੱਈਆ ਕਰਵਾਇਆ ਜਾਵੇ।

2.3 ਛੇਵੀਂ ਤੋਂ ਦੱਸਵੀਂ ਜਮਾਤ ਤੱਕ ਪੜ੍ਹਾਉਣ ਵਾਲੇ ਵਿਸ਼ਾ ਅਧਿਆਪਕਾਂ ਨੂੰ ਇੱਕ ਹੀ ਰਜਿਸਟਰ ਦਿੱਤਾ ਜਾਵੇ ਕਿਉਂਕਿ ਵਿਸ਼ਾ ਅਧਿਆਪਕ ਰਜਿਸਟਰ ਅਧਿਆਪਕ ਵਾਰ ਹੈ, ਵਿਸ਼ਾਵਾਰ ਨਹੀਂ, ਕਹਿਣ ਦਾ ਭਾਵ ਕਿ ਅਧਿਆਪਕ ਚਾਹੇ ਕੋਈ ਵੀ ਵਿਸ਼ਾ ਪੜ੍ਹਾਉਂਦਾ ਹੋਵੇ, ਉਸਨੂੰ ਰਜਿਸਟਰ ਇੱਕ ਹੀ ਦਿੱਤਾ ਜਾਵੇਗਾ।

2.4 ਡਰਾਇੰਗ, ਸਰੀਰਕ ਸਿੱਖਿਆ ਅਤੇ ਕੰਪਿਊਟਰ ਅਧਿਆਪਕਾਂ ਨੂੰ ਵੀ ਰਜਿਸਟਰ ਦਿੱਤਾ ਜਾਵੇ ਤਾਂ ਜੋ ਉਹ ਵੀ ਆਪਣੇ ਵਿਸ਼ੇ ਦਾ ਮੁਕੰਮਲ ਰਿਕਾਰਡ ਮੇਨਟੇਨ ਕਰ ਸਕਣ।

2.5 ਰਜਿਸਟਰਾਂ ਦੇ ਪੰਨਿਆਂ ਤੇ ਸਫਾ ਨੰਬਰ ਲਗਾਏ ਜਾਣ।

3.0 ਸਬੰਧਤ ਜ਼ਿਲ੍ਹੇ ਦੇ ਦਫ਼ਤਰ ਸਰਵ ਸਿੱਖਿਆ ਅਭਿਆਨ ਵਿਖੇ 1000 ਵਿਸ਼ਾ ਅਧਿਆਪਕ ਰਜਿਸਟਰ ਅਤੇ 1000 ਜਮਾਤ ਰਜਿਸਟਰ ਰਿਜ਼ਰਵ ਰੱਖੇ ਜਾਣਗੇ ਤਾਂ ਜੋ ਸਕੂਲ ਦੀ ਮੰਗ ਅਨੁਸਾਰ ਸਮੇਂ ਸਿਰ ਉਸ ਸਕੂਲ ਨੂੰ ਮੁਹੱਈਆ ਕਰਵਾਏ ਜਾ ਸਕਣ।

4.0 ਸਬੰਧਤ ਜ਼ਿਲ੍ਹੇ ਦੇ ਦਫ਼ਤਰ ਸਰਵ ਸਿੱਖਿਆ ਅਭਿਆਨ ਵਲੋਂ ਹਰੇਕ ਸਕੂਲ ਵਿੱਚ ਦਿੱਤੇ ਜਾਣ ਵਾਲੇ ਰਜਿਸਟਰਾਂ ਦਾ ਹਿਸਾਬ ਨਿਮਨ ਪ੍ਰੋਫਾਰਮੇ ਵਿੱਚ ਰੱਖਿਆ ਜਾਵੇਗਾ:

4.1 **ਵਿਸ਼ਾ ਅਧਿਆਪਕ ਰਜਿਸਟਰ**

| ਲੜੀ ਨੰ. | ਕੁੱਲ ਸਕੂਲ | | ਅਧਿਆਪਕ | | | | | | | | | | ਪ੍ਰਾਪਤ ਰਜਿਸਟਰ | ਵੰਡੇ ਗਏ ਰਜਿਸਟਰ | | ਬਾਕੀ |
|---|---|---|---|---|---|---|---|---|---|---|---|---|---|---|---|---|
| | ਪ੍ਰਾਇਮਰੀ | ਅੱਪਰ ਪ੍ਰਾਇਮਰੀ | ਪ੍ਰਾਇਮਰੀ | ਅੱਪਰ ਪ੍ਰਾਇਮਰੀ | | | | | | | | | | ਪ੍ਰਾਇਮਰੀ | ਅੱਪਰ ਪ੍ਰਾਇਮਰੀ | |
| | | | | ਗਣਿਤ | ਵਿਗਿਆਨ | ਹਿੰਦੀ | ਪੰਜਾਬੀ | ਅੰਗਰੇਜ਼ੀ | ਸਮਾਜਿਕ ਸਿੱਖਿਆ | ਕੰਪਿਊਟਰ | ਸਰੀਰਕ ਸਿੱਖਿਆ | ਡਰਾਇੰਗ | | | | |
| | | | | | | | | | | | | | | | | |

4.2 **ਜਮਾਤ ਰਜਿਸਟਰ**

| ਲੜੀ ਨੰ. | ਕੁੱਲ ਜਮਾਤਾਂ | | ਪ੍ਰਾਪਤ ਰਜਿਸਟਰ | ਵੰਡੇ ਗਏ ਰਜਿਸਟਰ | | ਬਾਕੀ |
|---|---|---|---|---|---|---|
| | ਪ੍ਰਾਇਮਰੀ | ਅੱਪਰ ਪ੍ਰਾਇਮਰੀ | | ਪ੍ਰਾਇਮਰੀ | ਅੱਪਰ ਪ੍ਰਾਇਮਰੀ | |
| | | | | | | |

5.0 ਰਜਿਸਟਰਾਂ ਦੀ ਵੰਡ ਦਾ ਰਿਕਾਰਡ ਮੇਨਟੇਨ ਕਰਨ ਉਪਰੰਤ ਉਪਰੋਕਤ ਪ੍ਰੋਫਾਰਮੇ ਵਿੱਚ ਸੂਚਨਾ DRP (TB) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੇ ਹਸਤਾਖ਼ਰਾਂ ਸਹਿਤ ਨਿਮਨ ਈ-ਮੇਲ ਤੇ ਅਤੇ ਡਾਕ ਰਾਹੀ ਭੇਜੀ ਜਾਵੇਗੀ:

**pedagogy.tt@gmail.com**

6.0 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਧਿਆਪਕਾਂ ਅਤੇ ਜਮਾਤਾਂ ਦੀ ਗਿਣਤੀ DRP (TB) ਨੂੰ ਸਹੀ ਮੁਹੱਈਆ ਕਰਵਾਉਣੀ ਯਕੀਨੀ ਬਣਾਉਣਗੇ ਤਾਂ ਜੋ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਸਮੱਗਰੀ ਸਮੇਂ ਸਿਰ ਤੇ ਲੋੜੀਂਦੀ ਮਾਤਰਾ ਵਿੱਚ ਪੁੱਜਦੀ ਕੀਤੀ ਜਾ ਸਕੇ।

7.0 ਰਿਪੋਰਟ ਕਾਰਡ ਜਲਦੀ ਹੀ ਜ਼ਿਲ੍ਹਿਆਂ ਨੂੰ ਉਪਲੱਬਧ ਕਰਵਾ ਦਿੱਤੇ ਜਾਣਗੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐੱਸ), ਵੈੱਬ ਸਾਈਟ ਲਈ